(This question paper contains 1 printed page)

Roll. No. ____________

Sl. No. of Question Paper : 3166

Unique Paper Code : 2121503

Name of the Paper : Parvasi Punjabi Literature

Name of the Course : B.A. (H) Punjabi

Semester : V

F-5

Duration : 3 Hours

Max. Marks : 75

ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

**ਭਾਗ ਪਹਿਲਾ**

1. ਪਰਵਾਸੀ ਪੰਜਾਬੀ ਕਵਿਤਾ ਦੀ ਵਿਕਾਸ-ਰੇਖਾ ਸੰਬੰਧੀ ਜਾਣਕਾਰੀ ਦਿਉ। 15

ਜਾਂ

ਪਰਵਾਸੀ ਪੰਜਾਬੀ ਸਾਹਿਤ 'ਚੋਂ ਉਭਰਨ ਵਾਲੇ ਬੁਨਿਆਦੀ ਮਸਲੇ ਕਿਹੜੇ ਹਨ ?

2. ਪਰਵਾਸੀ, ਆਵਾਸੀ ਅਤੇ ਡਾਇਸਪੋਰਾ ਨੂੰ ਪਰਿਭਾਸ਼ਿਤ ਕਰਦਿਆਂ ਇਹਨਾਂ ਵਿਚਲਾ ਅੰਤਰ ਵੀ ਸਪੱਸ਼ਟ ਕਰੋ। 10

ਜਾਂ

ਪਰਵਾਸੀ ਪੰਜਾਬੀ ਕਹਾਣੀ ਦੀਆਂ ਵਿਸ਼ੇਸ਼ਤਾਵਾਂ ਦੱਸੋ।

**ਭਾਗ ਦੂਜਾ**

3. ਹੇਠ ਲਿਖੀ ਕਿਸੇ ਇਕ ਕਵਿਤਾ ਦੀ ਵਿਹਾਰਕ ਸਮੀਖਿਆ ਕਰੋ : 15

ਤੇਰੇ ਹਜ਼ੂਰ ਮੈਂ ਖੜ੍ਹੀ, ਅੰਤਰ ਰਾਸ਼ਟਰੀ ਕਿਚਨ, ਦੁਰਸੁਪਨਾ, ਚੁੱਲ੍ਹੇ ਦੁਆਲੇ

4. ਕੋਈ ਦੋ ਪ੍ਰਸ਼ਨਾਂ ਦੇ ਉੱਤਰ ਦਿਉ : 5X2=10

ੳ) ਕਵੀ ਅਨੁਸਾਰ ਕਿਸ-ਕਿਸ ਜੀਵ ਅੰਦਰ ਦਿਲ ਹੈ ਅਤੇ ਕਿਸ ਦੇ ਅੰਦਰ ਦਿਲ ਹੋਣ ਦੇ ਬਾਵਜੂਦ ਦਿਲ ਨਹੀਂ ਹੈ ? ਟਿੱਪਣੀ ਕਰੋ।

ਅ) ਕਵਿਤਾ ਵਿਚ 'ਵੇਲ' ਅਤੇ 'ਕਿਰਦੀ ਮਿੱਟੀ' ਕਿਸ ਚੀਜ਼ ਦੇ ਪ੍ਰਤੀਕ ਹਨ ?

ੲ) 'ਘਰ' ਕਵਿਤਾ ਦੀ ਕਾਵਿ-ਨਾਇਕਾ, ਕਿਰਾਏ ਦੇ ਮਕਾਨ ਵਿਚ ਰਹਿੰਦਿਆਂ ਵੀ, ਕਿਉਂ ਉਸ ਨੂੰ ਆਪਣਾ ਘਰ ਕਹਿਣ 'ਚ ਮਾਣ ਮਹਿਸੂਸ ਕਰਦੀ ਹੈ ?

ਸ) ਪਹਿਲੇ ਵੇਲਿਆਂ ਵਿਚ ਮਾਵਾਂ ਘਰ ਦੇ ਜੀਆਂ ਲਈ ਰੋਟੀ ਪਕਾਉਣ ਤੋਂ ਪਹਿਲਾਂ ਹੋਰ ਕਿਸ ਕਿਸ ਲਈ ਰੋਟੀ ਰਾਖਵੀਂ ਰਖਦੀਆਂ ਸਨ ?

**ਭਾਗ ਤੀਜਾ**

5. ਕਿਸੇ ਇਕ ਕਹਾਣੀ ਦਾ ਪਾਠਗਤ ਅਧਿਅਨ ਕਰੋ : 15

ਖੰਭੇ, ਗਰੀਨ ਕਾਰਡ, ਹੁਣ ਮੈਂ ਸੈੱਟ ਆਂ, ਪੁਲ

6. ਕੋਈ ਦੋ ਪ੍ਰਸ਼ਨਾਂ ਦੇ ਉੱਤਰ ਦਿਉ : 5X2=10

ੳ) 'ਗਰੀਨ ਕਾਰਡ' ਕਹਾਣੀ ਦੀ ਬੁਨਿਆਦੀ ਸਮੱਸਿਆ ਕੀ ਹੈ ?

ਅ) 'ਸੁਨਹਿਰੀ ਧਾਗੇ' ਕਿਸ ਗੱਲ ਦੇ ਪ੍ਰਤੀਕ ਹਨ ?

ੲ) 'ਟਾਵਰਜ਼' ਕਹਾਣੀ, ਕਿਸ ਇਤਿਹਾਸਕ ਮਹੱਤਵ ਵਾਲੀ ਘਟਨਾ ਨੂੰ ਆਪਣੀ ਰਚਨਾ-ਸਮੱਗਰੀ ਬਣਾਉਂਦੀ ਹੈ ?

ਸ) 'ਬਜ਼ੁਰਗ ਬਾਬਾ ਤੇ ਭੀੜ' ਕਹਾਣੀ ਦੇ ਸਿਰਲੇਖ ਉੱਤੇ ਟਿੱਪਣੀ ਕਰੋ।